ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਿਡ
(ਦਫਤਰ ਮੁੱਖ ਲੇਖਾ ਅਫਸਰ,ਹੈ:ਕੁ:,ਪੰ.ਰਾ:ਪਾ:ਕਾ:ਲਿਮ: ਪਟਿਆਲਾ)
ਫੋਨ ਅਤੇ ਫੈਕਸ ਨੰ: 0175-2213046

ਵੱਲ,

ਸਾਰੇ ਡੀ.ਡੀ.ਓਜ਼
ਪੰ:ਰਾ:ਪ:ਕਾ:ਲਿਮ:/ਪੰ:ਰਾ:ਟ:ਕਾ:ਲਿਮ:,

ਮੀਮੋ ਨੰਬਰ 1067 ਮਿਤੀ 14/3/14

ਵਿਸ਼ਾ:- Submission of life certificate by pensioners to DDOs and verification of existence of pensioners.

ਆਪ ਜੀ ਦਾ ਧਿਆਨ ਇਸ ਦਫਤਰ ਦੇ ਮੀਮੋ ਨੰਬਰ 4250/4450 ਮਿਤੀ 26/10/2012 ਰਾਹੀਂ ਜਾਰੀ ਕੀਤੀਆਂ ਗਈਆਂ ਹਦਾਇਤਾਂ ਵੱਲ ਦਿਵਾਇਆ ਜਾਂਦਾ ਹੈ ਜਿੰਨ੍ਹਾਂ ਰਾਹੀਂ ਇਹ ਫੈਸਲਾ ਕੀਤਾ ਗਿਆ ਸੀ ਕਿ ਹਰ ਇਕ ਪੈਨਸ਼ਨਰ ਸਾਲ ਵਿਚ ਅਪ੍ਰੈਲ ਦੇ ਮਹੀਨੇ ਦੌਰਾਨ ਆਪਣਾ Life Certificate ਡੀ.ਡੀ.ਓ. ਦੇ ਸਾਹਮਣੇ ਨਿੱਜੀ ਤੌਰ ਤੇ ਪੇਸ਼ ਹੋ ਕੇ ਤਸਦੀਕ ਕਰਾਵੇਗਾ ।ਇੰਨ੍ਹਾ ਹਦਾਇਤਾਂ ਦੇ ਜਾਰੀ ਹੋਣ ਤੋ ਬਾਅਦ ਉਹ ਪੈਨਸ਼ਨਰ ਜਿਹੜੇ ਸਬੰਧਤ ਡੀ.ਡੀ.ਓ. ਦੇ ਦਫਤਰ ਤੋਂ ਦੂਰ ਰਹਿਣ ਕਾਰਨ ਨਿੱਜੀ ਤੌਰ ਤੇ ਆਪਣੇ ਡੀ.ਡੀ.ਓ. ਸਾਹਮਣੇ ਪੇਸ਼ ਹੋ ਕੇ ਆਪਣਾ life certificate ਤਸਦੀਕ ਨਹੀਂ ਕਰਵਾ ਸਕਦੇ, ਅਜਿਹੇ ਪੈਨਸ਼ਨਰਾਂ ਨੂੰ life certificate ਤਸਦੀਕ ਕਰਾਉਣ ਵਿਚ ਔਕੜ ਦਾ ਸਾਹਮਣਾ ਕਰਨਾ ਪੈ ਰਿਹਾ ਸੀ । ਪੈਨਸ਼ਨਰਾਂ ਦੀ ਇਸ ਮੁਸ਼ਕਲ ਨੂੰ ਧਿਆਨ ਵਿੱਚ ਰੱਖਦੇ ਹੋਏ ਅਜਿਹੇ ਪੈਨਸ਼ਨਰ ਬਿਨਾਂ ਡੀ.ਡੀ.ਓ. ਸਾਹਮਣੇ ਪੇਸ਼ ਹੋ ਕੇ ਹੇਠ ਲਿਖੇ ਅਨੁਸਾਰ ਦਰਸਾਈਆਂ ਅਥਾਰਟੀਜ਼ ਤੋਂ ਆਪਣਾ life certificate ਤਸਦੀਕ ਕਰਵਾ ਕੇ ਭੇਜ ਸਕਦੇ ਹਨ :-

ੳ) **ਪੈਨਸ਼ਨਰ ਜਿਹੜੇ ਪੈਨਸ਼ਨ ਪ੍ਰਾਪਤ ਕਰਨ ਵਾਲੇ ਡੀ.ਡੀ.ਓ. ਦੇ ਦਫਤਰ ਦੇ ਸਟੇਸ਼ਨ ਨੂੰ ਛੱਡ ਕੇ ਭਾਰਤ ਦੇ ਕਿਸੇ ਹੋਰ ਸਟੇਸ਼ਨ ਵਿਖੇ ਰਹਿ ਰਹੇ ਹਨ:-**

ਉਹ ਪੈਨਸ਼ਨਰ ਆਪਣਾ life certificate ਉਸ ਸਟੇਸ਼ਨ ਜਿਥੇ ਉਹ ਰਹਿ ਰਹੇ ਹਨ ਉਸ ਬੈਕ ਦੀ ਬ੍ਰਾਂਚ ਦੇ ਮੈਨੇਜਰ ਤੋ ਤਸਦੀਕ ਕਰਵਾ ਸਕਦੇ ਹਨ, ਜਿਸ ਬੈਂਕ ਤੋਂ ਉਹ ਆਪਣੇ ਡੀ.ਡੀ.ਓ. ਰਾਹੀਂ ਪੈਨਸ਼ਨ ਪ੍ਰਾਪਤ ਕਰ ਰਹੇ ਹਨ ।

ਅ) **ਪੈਨਸ਼ਨਰ ਜਿਹੜੇ ਵਿਦੇਸ਼ ਵਿਚ ਰਹਿੰਦੇ ਹਨ :-**

1. ਜਿਸ ਦੇਸ਼ ਵਿਚ ਰਹਿ ਰਿਹਾ ਹੈ ਉਸ ਦੇਸ਼ ਦੇ ਨੋਟਰੀ ਪਬਲਿਕ/ਜਸਟਿਸ ਆਫ ਪੀਸ
2. ਜਿਸ ਦੇਸ਼ ਵਿਚ ਰਹਿ ਰਿਹਾ ਹੈ ਉਸ ਦੇਸ਼ ਦੇ ਆਫਿਸ ਆਫ ਹਾਈ ਕਮਿਸ਼ਨ/ਇੰਡੀਅਨ ਅੰਬੈਂਸੀ।

ਉਪਰੋਕਤ ਹਦਾਇਤਾਂ ਦੀ ਪਾਲਣਾ ਯਕੀਨੀ ਬਣਾਈ ਜਾਵੇ ਜੇਕਰ ਪਾਲਣਾ ਨਾ ਕਰਨ ਕਾਰਨ ਕਿਸੇ ਪੈਨਸ਼ਨਰ ਨੂੰ ਪੈਨਸ਼ਨ ਵਾਧੂ ਦੀ ਅਦਾਇਗੀ ਹੁੰਦੀ ਹੈ ਤਾਂ ਇਸ ਦੀ ਜਿੰਮੇਵਾਰੀ ਸਬੰਧਤ ਡੀ.ਡੀ.ਓ. ਦੀ ਹੋਵੇਗੀ।

ਇਹ ਸਮਰੱਥ ਅਧਿਕਾਰੀ ਦੀ ਪ੍ਰਵਾਨਗੀ ਨਾਲ ਜਾਰੀ ਕੀਤਾ ਜਾਂਦਾ ਹੈ ਜੀ।

ਲੇਖਾ ਅਫਸਰ/ਪੈਨਸ਼ਨ-2,
ਪੰ:ਰਾ:ਪਾ:ਕਾ:ਲਿਮ:,ਪਟਿਆਲਾ।

ਕਾ:ਕਾ:- 1068, 14/3/14

ਉਪ ਮੁੱਖ ਇੰਜੀ/ਆਈ.ਟੀ.,ਪੰ:ਰਾ:ਪਾ:ਕਾ:ਲਿਮ:,ਪਟਿਆਲਾ ਨੂੰ ਭੇਜਦੇ ਹੋਏ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਨੂੰ ਪੰ:ਰਾ:ਪਾ:ਕਾ:ਲਿਮ: ਦੀ ਸਾਈਟ ਤੇ ਅੱਪ-ਲੋਡ ਕੀਤਾ ਜਾਵੇ ਜੀ ।